**SED-EDU301/114/2023-3EDU3**

**I/732379/2023** (1)

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-3 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ ਸਕੂਲ ਸਿੱਖਿਆ (ਐ.ਸਿ.), ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।

ਮਿਤੀ, ਚੰਡੀਗੜ੍ਹ: 29/11/23

ਵਿਸ਼ਾ: ਆਰ.ਟੀ.ਈ. ਐਕਟ ਅਧੀਨ ਮਾਨਤਾ ਦੇਣ ਸਬੰਧੀ।

ਉਪਰਕੋਤ ਵਿਸ਼ੇ ਤੇ ਸਰਕਾਰ ਦੇ ਹੁਕਮ ਨੰ. SED-EDU301/114/2022-3EDU3/645126 ਮਿਤੀ 19.09.2023 ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਨੂੰ ਲਿੱਖਿਆ ਜਾਂਦਾ ਹੈ ਕਿ ਜਿਹੜੇ ਪ੍ਰਾਈਵੇਟ ਸਕੂਲਾਂ ਨੂੰ ਆਰ.ਟੀ.ਈ. ਅਕੈਟ ਅਤੇ ਪੰਜਾਬ ਆਰ.ਟੀ.ਈ. ਰੂਲਜ਼, 2011 ਤਹਿਤ ਆਰਜੀ ਮਾਨਤਾ ਜਾਰੀ ਕੀਤੀ ਹੋਈ ਹੈ, ਉਸ ਮਾਨਤਾ ਨੂੰ ਪੱਕੀ ਮਾਨਤਾ ਸਮਝਿਆ ਜਾਵੇ।

3. ਇਹ ਵੀ ਲਿੱਖਿਆ ਜਾਂਦਾ ਹੈ ਕਿ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਜਾਂ ਉੱਪ-ਜਿਲ੍ਹਾ ਸਿੱਖਿਆ ਅਫਸਰ ਪ੍ਰਾਈਵੇਟ ਸਕੂਲਾਂ ਦਾ ਨਿਯਮਤ ਨਿਰੀਖਣ ਸਮੇਂ ਸਿਰ ਕਰਨਗੇ ਅਤੇ ਆਰ.ਟੀ.ਈ. ਐਕਟ ਦੀ ਪਾਲਣਾ ਕਰਨ ਸਬੰਧੀ ਸਰਕਾਰ ਨੂੰ ਰਿਪੋਰਟ ਭੇਜਣੀ ਯਕੀਨੀ ਬਣਾਉਣਗੇ।

29-11-23

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

Office Samgra Shikhya Abhiyan, Authority. Fatehgarh Sahib-cum-District Education Officer (AC) Fatehgarh Sahib

Room No 412, 3rd Floor, Administrative Complex, Fatehgarh Sahib, Email decee.fatehgarhsahib@punjabeducatin.gov.in

NOTARY
Sunil Dutt
Fatehgarh Sahib
Regd. No. 42642
GOVT. OF INDIA

By

Manager/Principal

1. D.A.V. Public School,

Chanarthal Khurd, Distt. Fatehgarh Sahib.

(03080102903).

Letter No. R.T.E./ Recognition/ 2021/170975 dated 28/05/2021.

Subject: - For the purpose of Article 18 of the Right of Children to Free and Compulsory Education Act, 2010, the Right to Free and Compulsory Education of Punjab Children Act, 2011, under sub-rule (4) of Rule 11, regarding giving recognition certificate to your school.

Dear Sir,

Based on your request and self-declaration given by you, the school is recognized as above from Class I to Class VIII on the basis of the following conditions.

The above recognition is based on the following conditions

1) The said recognition is based on the self-declaration given by you, if any of the items mentioned in the self-declaration is found to be incorrect or false, then this recognition will be canceled without giving any notice.
2) Approval of accreditation is not extendable and in no case is applicable to accreditation/affiliation beyond Class VIII.
3) School R.T.E. Act 2009, the table prepared as per section 19 and 25 of the Act and the conditions contained in form Ii (See Sub Rule (4) of 11) of the Punjab R.T.E. Rules 2011 and the self-declaration given by the school shall be committed to follow.
4) The school will not charge any capitation fee and will not involve the child or his parents or guardians in any sorting process.
5) The school will not refuse admission to any child for the following reasons.

A) No proof of age.

B) Any child seeking admission in the extended period or after the extended period or

C) Religion, caste, race or place of birth or any of these reasons.

6) The school shall ensure that:-

a) No enrolled child shall be expelled from the school before completion of basic education in the school.

b) No child shall be subjected to physical punishment or mental distress.

c) The child will not need to pass any board examination till the completion of basic education.

d) Every child who completes primary education will be provided with a certificate as per rule 21.

e) Children with disabilities/special needs will be accommodated as per the provisions of the Act.

f) Do not fulfill the minimum qualifications as per sub-rule (1) of section 23 of the Act, they shall acquire such qualifications within a period of five years from the date of coming into force of the Act.

g) The teachers shall fulfill the responsibilities specified in sub-rule (1) of section 24 of the Act and

7) The school shall adopt the curriculum based on the subjects prescribed by the appropriate authority.

8) No unrecognized classes will be conducted in this name of the school inside or outside the school premises.

9) The school building or other structure or grounds shall be used only for instruction and skill development.

10) Being run by a society registered under the School Societies Registration Act 1860 (Act No. 21 of 1960) or by a trust established under any law from time to time in force.

11) The school is not being run for the personal benefit of any individual, group or groups of individuals or any other.

12) The accounts of the school shall be audited and certified by a Chartered Accountant and appropriate statements of accounts shall be prepared as per rules.

13) The school shall from time to time make available the necessary information and information to the Director School Education or the District Education Officer and shall comply with the instructions issued by the State Government local authority to maintain the accreditation of the school or to rectify the deficiencies in the school management.

NOTARY
Sunil Dutt
Fatehgarh Sahib
Regd. No. 42642
GOVT. OF INDIA

14) Renewal of registration of the society, which is necessary, should be ensured.

15) This recognition will be based on the school's compliance with the rules and provisions of the R.T.E. Act, 2009 and the Punjab Right to free and Compulsory Education Act, 2011.

16) After the expiry of the validity of the building and fire safety certificates submitted to the school office, it will be obligatory to renew them and deposit them at this office.

17) If the inspection visit found the building and fire certificate of any school to be invalid or not renewed, action will be taken against that school as per rules.

18) Without the said conditions from the head office which other R.T.E. If any condition is imposed under the act, then you will be bound to fulfill it, in case of non-fulfilment, your recognition will be considered cancelled.

19) According to the rules regarding recognition, whatever required fee is required to be paid at some level, then there will be the obligation to pay that fee.

Sd/-in Pbi.
District Education Officer (E.E.)
Fatehgarh Sahib.

Endst. No. R.T.E. /Recognition/2021/above.

A copy of the above has been send to the concerned B.P.E.O. for information and necessary action please.

Sd/-in Pbi.
District Education Officer (E.E.)
Fatehgarh Sahib.

NOTARY
Sunil Dutt
Fatehgarh Sahib
Regd. No. 42642
GOVT. OF INDIA

ATTESTED
True Translation From
Punjabi/Hindi into English
NOTARY PUBLIC
Distt. Fatehgarh Sahib (Pb.) India

25 JUN 2025

ਦਫ਼ਤਰ ਸਮਗਰਾ ਸਿੱਖਿਆ ਅਭਿਆਨ ਅਥਾਰਟੀ, ਫ਼ਤਹਿਗੜ੍ਹ ਸਾਹਿਬ -ਕਮ -
ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਫ਼ਤਹਿਗੜ੍ਹ ਸਾਹਿਬ।
ਕਮਰਾ ਨੰ. 413, ਤੀਜੀ ਮੰਜ਼ਿਲ, ਪ੍ਰਬੰਧਕੀ ਕੰਪਲੈਕਸ, ਫ਼ਤਹਿਗੜ੍ਹ ਸਾਹਿਬ, ਈਮੇਲ deoee.fatehgarhsahib@punjabeducation.gov.in

ਵੱਲ

ਮੈਨੇਜਰ/ਪ੍ਰਿੰਸੀਪਲ,
ਡੀ.ਏ.ਵੀ ਪਬਲਿਕ ਸਕੂਲ,
ਚਨਾਰਥਲ ਖੁਰਦ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ।
(03080102903)

ਪੱਤਰ ਨੰ: ਆਰ.ਟੀ.ਈ./ਮਾਨਤਾ/2021/170918 ਮਿਤੀ: 28/05/2021

ਵਿਸ਼ਾ: "ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ 2010 ਦੀ ਧਾਰਾ 18 ਦੇ ਮੰਤਵ ਲਈ" ਪੰਜਾਬ ਬੱਚਿਆਂ ਦਾ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ ਨਿਯਮ 2011 ਦੇ ਨਿਯਮ 11 ਦੇ ਉਪ ਨਿਯਮ (4) ਅਧੀਨ ਆਪ ਜੀ ਦੇ ਸਕੂਲ ਨੂੰ ਮਾਨਤਾ ਸਰਟੀਫ਼ਿਕੇਟ ਦੇਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦੀ ਪ੍ਰਤੀਬੇਨਤੀ ਅਤੇ ਆਪ ਵਲੋਂ ਦਿੱਤੀ ਗਈ ਸਵੈ-ਘੋਸ਼ਣਾ ਦੇ ਆਧਾਰ ਤੇ ਉਪਰੋਕਤ ਅਨੁਸਾਰ ਸਕੂਲ ਨੂੰ ਜਮਾਤ ਪਹਿਲੀ ਤੋ ਜਮਾਤ ਅੱਠਵੀਂ ਤੱਕ ਮਾਨਤਾ ਹੇਠ ਲਿਖੀਆ ਸ਼ਰਤਾ ਦੇ ਅਧਾਰ ਤੇ ਦਿੱਤੀ ਜਾਂਦੀ ਹੈ:-

ਉਪਰੋਕਤ ਮਾਨਤਾ ਹੇਠ ਦਿੱਤੀਆਂ ਸ਼ਰਤਾਂ ਦੇ ਅਧਾਰ ਤੇ ਹੈ:

1) ਉਕਤ ਮਾਨਤਾ ਆਪ ਦੁਆਰਾ ਦਿੱਤੀ ਗਈ ਸਵੈ-ਘੋਸ਼ਣਾ ਦੇ ਆਧਾਰ ਤੇ ਹੈ, ਜੇਕਰ ਸਵੈ-ਘੋਸ਼ਣਾ ਵਿੱਚ ਦਰਜ਼ ਮੱਦਾਂ ਵਿਚੋਂ ਕੋਈ ਮੱਦ ਗਲਤ ਜਾਂ ਝੂਠੀ ਪਾਈ ਜਾਂਦੀ ਹੈ ਤਾਂ ਇਹ ਮਾਨਤਾ ਬਿਨਾਂ ਨੋਟਿਸ ਦਿੱਤਿਆਂ ਰੱਦ ਕਰ ਦਿੱਤੀ ਜਾਵੇਗੀ।

2) ਮਾਨਤਾ ਦੀ ਪ੍ਰਵਾਨਗੀ ਵਾਧੇ ਯੋਗ ਨਹੀ ਹੈ ਅਤੇ ਕਿਸੇ ਵੀ ਹਾਲਤ ਵਿੱਚ ਅੱਠਵੀ ਜਮਾਤ ਤੋਂ ਅੱਗੇ ਦੀ ਮਾਨਤਾ/ਐਫੀਲੀਏਸ਼ਨ ਤੇ ਲਾਗੂ ਨਹੀ ਹੁੰਦੀ।

3) ਸਕੂਲ ਆਰ.ਟੀ.ਈ. ਐਕਟ, 2009 ਅਧੀਨ ਐਕਟ ਦੀ ਧਾਰਾ 19 ਅਤੇ 25 ਅਨੁਸਾਰ ਬਣੀ ਸਾਰਣੀ ਅਤੇ ਪੰਜਾਬ ਆਰ.ਟੀ.ਈ. ਨਿਯਮ 2011 ਦੇ ਫਾਰਮ II (See sub rule (4) of 11) ਵਿੱਚ ਦਰਜ ਸ਼ਰਤਾਂ ਅਤੇ ਸਕੂਲ ਵੱਲੋਂ ਦਿੱਤੇ ਸਵੈ ਘੋਸ਼ਣਾ ਦੀ ਪਾਲਣਾ ਲਈ ਪ੍ਰਤੀਬੱਧ ਰਹੇਗਾ।

4) ਸਕੂਲ ਕੋਈ ਕੈਪੀਟੇਸ਼ਨ ਫ਼ੀਸ ਨਹੀ ਲਵੇਗਾ ਅਤੇ ਬੱਚੇ ਜਾਂ ਉਸਦੇ ਮਾਤਾ ਪਿਤਾ ਜਾਂ ਉਸੇ ਦੇ ਸਰਪ੍ਰਸਤਾਂ ਨੂੰ ਕਿਸੇ ਛਾਂਟੀ ਪ੍ਰਕਿਰਿਆਂ ਵਿੱਚ ਨਹੀ ਪਾਏਗਾ।

5) ਸਕੂਲ ਕਿਸੇ ਬੱਚੇ ਨੂੰ ਹੇਠ ਲਿਖੇ ਕਾਰਨਾਂ ਕਰਕੇ ਦਾਖ਼ਲਾ ਦੇਣ ਤੇ ਇਨਕਾਰ ਨਹੀ ਕਰੇਗਾ:

ੳ) ਕਿਸੇ ਬੱਚੇ ਦਾ ਉਮਰ ਦਾ ਸਬੂਤ ਨਾ ਹੋਣਾ।

ਅ) ਕਿਸੇ ਵੀ ਬੱਚੇ ਦੁਆਰਾ ਵਧਾਏ ਗਏ ਸਮੇਂ ਵਿੱਚ ਜਾਂ ਵਧਾਏ ਗਏ ਸਮੇਂ ਤੋ ਬਾਅਦ ਦਾਖ਼ਲਾ ਮੰਗਣਾ ਜਾਂ

ੲ) ਧਰਮ, ਜਾਤ, ਨਸਲ ਜਾਂ ਜਨਮ ਸਥਾਨ ਜਾਂ ਇਹਨਾਂ ਵਿਚੋ ਕਿਸੇ ਵੀ ਕਾਰਨ।

Scanned by CamScanner

6) ਸਕੂਲ ਇਹ ਯਕੀਨੀ ਬਣਾਏਗਾ ਕਿ:

ੳ) ਦਾਖ਼ਲ ਕੀਤੇ ਕਿਸੇ ਵੀ ਬੱਚੇ ਨੂੰ ਸਕੂਲ ਵਿੱਚ ਮੁੱਢਲੀ ਸਿੱਖਿਆ ਪੂਰੀ ਹੋਣ ਤੋਂ ਪਹਿਲਾਂ ਸਕੂਲੋਂ ਕੱਢਿਆ ਨਹੀਂ ਜਾਵੇਗਾ।

ਅ) ਕਿਸੇ ਵੀ ਬੱਚੇ ਨੂੰ ਸਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਦਾ ਭਾਗੀ ਨਹੀਂ ਬਣਾਇਆ ਜਾਵੇਗਾ।

ੲ) ਮੁੱਢਲੀ ਸਿੱਖਿਆ ਪੂਰੀ ਹੋਣ ਤੱਕ ਬੱਚੇ ਨੂੰ ਬੋਰਡ ਦੀ ਕੋਈ ਵੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ।

ਸ) ਮੁੱਢਲੀ ਸਿੱਖਿਆ ਸੰਪੂਰਨ ਕਰਨ ਵਾਲੇ ਹਰ ਬੱਚੇ ਨੂੰ ਨਿਯਮ 21 ਅਨੁਸਾਰ ਇੱਕ ਪ੍ਰਮਾਣ ਪੱਤਰ ਪ੍ਰਦਾਨ ਕੀਤਾ ਜਾਵੇਗਾ।

ਹ) ਐਕਟ ਦੇ ਉਪਬੰਧਾਂ ਅਨੁਸਾਰ ਅਪੰਗ/ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਮੂਲੀਅਤ ਕੀਤੀ ਜਾਵੇਗੀ।

ਕ) ਐਕਟ ਦੀ ਧਾਰਾ 23 ਦੇ ਉਪਨਿਯਮ (1) ਅਨੁਸਾਰ ਘੱਟੋ-ਘੱਟ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਅਧਿਆਪਕ ਹੀ ਨਿਯੁਕਤ ਕੀਤੇ ਜਾਣਗੇ।ਪਰ ਉਹ ਅਧਿਆਪਕ ਜੋ ਐਕਟ ਦੇ ਲਾਗੂ ਹੋਣ ਸਮੇਂ ਘੱਟੋ-ਘੱਟ ਯੋਗਤਾਵਾਂ ਪੂਰੀਆਂ ਨਹੀਂ ਕਰਦੇ, ਉਹ ਐਕਟ ਦੇ ਲਾਗੂ ਹੋਣ ਦੀ ਮਿਤੀ ਤੋਂ ਪੰਜ ਸਾਲ ਦੇ ਸਮੇਂ ਵਿੱਚ ਅਜਿਹੀਆਂ ਯੋਗਤਾਵਾਂ ਪ੍ਰਾਪਤ ਕਰਨਗੇ।

ਖ) ਅਧਿਆਪਕ ਐਕਟ ਦੀ ਧਾਰਾ 24 ਦੇ ਉਪਨਿਯਮ (1) ਵਿੱਚ ਦਰਸਾਈਆਂ ਜ਼ਿੰਮੇਵਾਰੀਆਂ ਪੂਰੀਆਂ ਕਰਨਗੇ ਅਤੇ

7) ਸਕੂਲ ਉਚਿਤ ਅਥਾਰਟੀ ਦੁਆਰਾ ਨਿਰਧਾਰਿਤ ਵਿਸ਼ਿਆਂ ਦੇ ਅਧਾਰ ਤੇ ਪਾਠਕ੍ਰਮ ਨੂੰ ਅਪਨਾਏਗਾ।

8) ਸਕੂਲ ਦੇ ਇਸ ਨਾਂ ਤੇ ਸਕੂਲ ਦੀ ਇਮਾਰਤ ਦੇ ਅੰਦਰ ਜਾਂ ਬਾਹਰ ਕੋਈ ਗੈਰ ਮਾਨਤਾ ਪ੍ਰਾਪਤ ਜਮਾਤਾਂ ਨਹੀਂ ਚਲਾਈਆਂ ਜਾਣਗੀਆਂ।

9) ਸਕੂਲ ਭਵਨ ਜਾਂ ਹੋਰ ਢਾਂਚਾ ਜਾਂ ਮੈਦਾਨ ਸਿਰਫ਼ ਪੜ੍ਹਾਈ ਅਤੇ ਯੋਗਤਾ ਵਿਕਾਸ ਲਈ ਵਰਤੇ ਜਾਣਗੇ।

10) ਸਕੂਲ ਸੁਸਾਇਟੀ ਰਜਿਸਟਰੇਸ਼ਨ ਐਕਟ, 1860 (ਐਕਟ ਨੰਬਰ 21, 1960) ਅਧੀਨ ਰਜਿਸਟਰ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ-ਸਮੇਂ ਤੇ ਲਾਗੂ ਕਿਸੇ ਕਾਨੂੰਨ ਅਧੀਨ ਸਥਾਪਿਤ ਟਰਸਟ ਦੁਆਰਾ ਚਲਾਇਆ ਜਾ ਰਿਹਾ ਹੈ।

11) ਸਕੂਲ ਕਿਸੇ ਵਿਅਕਤੀ, ਸਮੂਹ ਜਾਂ ਵਿਅਕਤੀ ਸਮੂਹਾਂ ਜਾਂ ਕਿਸੇ ਹੋਰ ਦੇ ਨਿੱਜੀ ਲਾਭ ਲਈ ਨਹੀਂ ਚਲਾਇਆ ਜਾ ਰਿਹਾ ਹੈ।

12) ਸਕੂਲ ਦਾ ਲੇਖਾ ਕਿਸੇ ਚਾਰਟਿਡ/ਲੇਖਾਕਾਰ ਦੁਆਰਾ ਆਡਿਟ ਅਤੇ ਪ੍ਰਮਾਣਿਤ ਕੀਤਾ ਅਤੇ ਨਿਯਮਾਂ ਅਨੁਸਾਰ ਲੇਖਿਆਂ ਦੀਆਂ ਉਚਿਤ ਸਟੇਟਮੈਂਟਾਂ ਤਿਆਰ ਕੀਤੀਆਂ ਜਾਣਗੀਆਂ।

13) ਸਕੂਲ ਸਮੇਂ-ਸਮੇਂ ਤੇ ਡਾਇਰੈਕਟਰ ਸਕੂਲ ਐਜੂਕੇਸ਼ਨ ਜਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਲੋੜੀਂਦੀ ਸੂਚਨਾ ਅਤੇ ਜਾਣਕਾਰੀ ਉਪੱਲਬਧ ਕਰਵਾਏਗਾ ਅਤੇ ਰਾਜ ਸਰਕਾਰ ਸਥਾਨਕ ਅਥਾਰਟੀ ਵੱਲੋਂ

Scanned by CamScanner

ਸਕੂਲ ਦੀ ਮਾਨਤਾ ਨੂੰ ਬਣਾਏ ਰੱਖਣ ਲਈ ਲੋੜੀਂਦੀਆਂ ਸ਼ਰਤਾਂ ਜਾਂ ਸਕੂਲ ਸੰਚਾਲਣ ਦੀਆਂ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਹਦਾਇਤਾਂ ਦੀ ਪਾਲਣਾ ਕਰੇਗਾ।

14) ਸੋਸਾਇਟੀ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਜੇ ਜ਼ਰੂਰੀ ਹੋਵੇ, ਯਕੀਨੀ ਬਣਾਇਆ ਜਾਵੇ।

15) ਇਹ ਮਾਨਤਾ ਸਕੂਲ ਵਲੋਂ ਆਰ.ਟੀ.ਈ ਐਕਟ 2009 ਅਤੇ ਪੰਜਾਬ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ ਐਕਟ ਨਿਯਮ 2011 ਦੇ ਨਿਯਮਾਂ ਅਤੇ ਉਪਬੰਧਾਂ ਦੀ ਪਾਲਣਾ ਤੇ ਆਧਾਰਿਤ ਹੋਵੇਗੀ।

16) ਸਕੂਲ ਦਫ਼ਤਰ ਕੋਲ ਜਮ੍ਹਾ ਕਰਵਾਏ ਬਿਲਡਿੰਗ ਅਤੇ ਫਾਇਰ ਸੇਫਟੀ ਸਰਟੀਫਿਕੇਟਸ ਦੀ ਵੈਧਤਾ ਖਤਮ ਹੋਣ ਉਪਰੰਤ ਉਨ੍ਹਾਂ ਨੂੰ ਰਨੀਊ ਕਰਵਾ ਕੇ ਇਸ ਦਫ਼ਤਰ ਵਿਖੇ ਜਮ੍ਹਾਂ ਕਰਵਾਉਣ ਲਈ ਪਾਬੰਦ ਹੋਵੇਗਾ।

17) ਜੇਕਰ ਨਿਰੀਖਣ ਦੌਰਾਨ ਕਿਸੇ ਵੀ ਸਕੂਲ ਦਾ ਬਿਲਡਿੰਗ ਅਤੇ ਫਾਇਰ ਸੇਫਟੀ ਸਰਟੀਫਿਕੇਟ ਅਵੈਧ ਜਾਂ ਬਿਨ੍ਹਾਂ ਰੀਨੀਊ ਪਾਇਆ ਗਿਆ ਤਾਂ ਉਸ ਸਕੂਲ ਵਿਰੁੱਧ ਨਿਯਮਾਂ ਅਨੁਸਾਰ ਕਰਵਾਈ ਕੀਤੀ ਜਾਵੇਗੀ।

18) ਉਕਤ ਸ਼ਰਤਾਂ ਤੋਂ ਬਿਨ੍ਹਾਂ ਮੁੱਖ ਦਫ਼ਤਰ ਤੋਂ ਜੇ ਕੋਈ ਹੋਰ ਆਰ.ਟੀ.ਈ. ਐਕਟ ਦੇ ਅਧੀਨ ਕੋਈ ਸ਼ਰਤ ਲਗਾਈ ਜਾਂਦੀ ਹੈ ਤਾਂ ਉਹ ਆਪ ਪੂਰਾ ਕਰਨ ਦੇ ਪਾਬੰਦ ਹੋਵੋਗੇ, ਪੂਰੀ ਨਾ ਕਰਨ ਦੀ ਸੂਰਤ ਵਿੱਚ ਆਪ ਦੀ ਮਾਨਤਾ ਰੱਦ ਸਮਝੀ ਜਾਵੇਗੀ।

19) ਮਾਨਤਾ ਦੇ ਸਬੰਧ ਵਿੱਚ ਨਿਯਮਾਂ ਅਨੁਸਾਰ ਜੋ ਵੀ ਲੋੜੀਂਦੀ ਫੀਸ ਕਿਸੇ ਪੱਧਰ ਤੇ ਭਰਨ ਦੀ ਲੋੜ ਪੈਂਦੀ ਹੈ ਤਾਂ ਆਪ ਉਹ ਫੀਸ ਭਰਨ ਦੇ ਪਾਬੰਧ ਹੋਵੋਗੇ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਫ਼ਤਹਿਗੜ੍ਹ ਸਾਹਿਬ।

ਪਿੱਠ ਅੰਕਣ ਨੰ. ਆਰ.ਟੀ.ਈ./ਮਾਨਤਾ/2021/ ਉਕਤ
ਮਿਤੀ 28/05/2021

ਉਪਰੋਕਤ ਦਾ ਉਤਾਰਾ ਸਬੰਧਤ ਬੀ.ਪੀ.ਈ.ਓ. ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਫ਼ਤਹਿਗੜ੍ਹ ਸਾਹਿਬ।

Principal
BBD D.A.V. Public School
Chanarthal Khurd

Manager
BBD DAV Public Sen. Sec. School
Chanarthal Khurd

Scanned by CamScanner